**ਦਫ਼ਤਰ ਡਾਇਰੈਕਟਰ ਜਨਰਲ ਸਕੂਲ ਸਿੱਖਿਆ, ਪੰਜਾਬ ਅਤੇ**
**ਸਟੇਟ ਪ੍ਰੋਜੈਕਟ ਡਾਇਰੈਕਟਰ, ਸਰਵ ਸਿੱਖਿਆ ਅਭਿਆਨ ਅਥਾਰਟੀ**
**ਪੰਜਾਬ ਐਸ.ਸੀ.ਓ. 104-106, ਸੈਕਟਰ 34-ਏ, ਚੰਡੀਗੜ੍ਹ**

ਵੱਲ

ਡੀ.ਪੀ.ਆਈ(ਸੈ.ਸਿ)
ਡੀ.ਪੀ.ਆਈ(ਐ.ਸਿ)
ਸਮੂਹ ਮੰਡਲ ਸਿੱਖਿਆ ਅਫ਼ਸਰ
ਸਮੂਹ ਜ਼ਿਲ੍ਹਾ ਸਿੱਖਿਆ ਅਫ਼ਸਰ(ਸੈ.ਸਿ)
ਸਮੂਹ ਜ਼ਿਲ੍ਹਾ ਸਿੱਖਿਆ ਅਫ਼ਸਰ(ਐ.ਸਿ)
ਸਮੂਹ ਸਕੂਲ ਮੁਖੀ(ਵੈੱਬ ਸਾਈਟ ਰਾਹੀਂ)
ਪੰਜਾਬ

ਮੀਮੋ ਨੰ: ਏ.ਐੱਸ.ਪੀ.ਡੀ./ਮੀਡੀਆ/2012/088678 - 088728
ਮਿਤੀ ,ਚੰਡੀਗੜ੍ਹ ! 16.11.2012

ਵਿਸ਼ਾ:- **ਰਾਜ ਦੇ ਸਮੂਹ ਸਕੂਲਾਂ ਵਿਚ ਮਿਤੀ 19 ਅਤੇ 20 ਨਵੰਬਰ 2012 ਨੂੰ ਨਸ਼ਿਆਂ ਦੀ ਰੋਕਥਾਮ ਲਈ ਦਿਨ ਵੱਜੋਂ ਮਨਾਉਣ ਵੇਲੇ ਨਾਅਰੇ ਬੋਲਣ ਸਬੰਧੀ।**

ਹਵਾਲਾ: **ਮੀਮੋ ਨੰ:ਸਸਅ/ਐਮ.ਸੀ/2012/87928 ਮਿਤੀ,ਚੰਡੀਗੜ੍ਹ 31 ਅਕਤੂਬਰ 2012**

1.0 ਉਪਰੋਕਤ ਵਿਸ਼ੇ ਵੱਲ ਧਿਆਨ ਦੇਣ ਦੀ ਖੇਚਲ ਕੀਤੀ ਜਾਵੇ।

2.0 ਆਪ ਨੂੰ ਪਤਾ ਹੈ ਕਿ ਹਵਾਲਾ ਅਧੀਨ ਪੱਤਰ ਅਨੁਸਾਰ ਰਾਜ ਦੇ ਸਮੂਹ ਸਕੂਲਾਂ ਵਿਚ ਮਿਤੀ 19 ਅਤੇ 20 ਨਵੰਬਰ 2012 ਨੂੰ ਨਸ਼ਿਆਂ ਦੀ ਰੋਕਥਾਮ ਲਈ ਦਿਨ ਵੱਜੋਂ ਮਨਾਇਆ ਜਾ ਰਿਹਾ ਹੈ ਅਤੇ ਮਿਤੀ 20 ਨਵੰਬਰ 2012 ਨੂੰ ਸਵੇਰ ਦੀ ਸਭਾ ਤੋਂ ਬਾਅਦ ਸਕੂਲਾਂ ਦੇ ਵਿਦਿਆਰਥੀਆਂ ਵੱਲੋਂ ਪਿੰਡਾਂ ਅਤੇ ਸ਼ਹਿਰਾਂ ਵਿਚ ਨਸ਼ਿਆਂ ਵਿਰੁੱਧ ਰੈਲੀਆਂ ਕੱਢੀਆਂ ਜਾਣੀਆਂ ਹਨ। ਇਨ੍ਹਾਂ ਰੈਲੀਆਂ ਵਿਚ ਬੱਚਿਆਂ ਵੱਲੋਂ ਪਿਛਲੇ ਦਿਨ ਲਿਖੇ ਗਏ ਨਾਅਰਿਆਂ ਅਤੇ ਪੇਂਟਿੰਗਜ਼ ਆਦਿ ਨੂੰ ਤਖਤੀਆਂ/ਬੈਨਰਾਂ ਆਦਿ 'ਤੇ ਚਿਪਕਾ ਕੇ ਲਿਜਾਇਆ ਜਾਣਾ ਹੈ।

3.0 ਇਨ੍ਹਾਂ ਰੈਲੀਆਂ ਵਿਚ ਇਸ ਪੱਤਰ ਦੇ ਨਾਲ ਨੱਥੀ ਨਾਅਰਿਆਂ ਨੂੰ ਵੀ ਤਖਤੀਆਂ/ਬੈਨਰਾਂ ਆਦਿ ਉਪਰ ਲਿਖਣ ਅਤੇ ਨਾਅਰੇ ਲਾਉਣ ਵਾਸਤੇ ਵੀ ਵਿਚਾਰ ਲਿਆ ਜਾਵੇ ਜੀ ਕਿਉਂਕਿ ਇਹ ਨਾਅਰੇ ਨਸ਼ਿਆਂ ਵਿਰੋਧੀ ਜਾਗਰੂਕਤਾ ਅਭਿਆਨ ਨਾਲ ਸਬੰਧਤ ਹਨ।

**ਡਾਇਰੈਕਟਰ ਜਨਰਲ ਸਕੂਲ ਸਿੱਖਿਆ**

ਨੱਥੀ: ਨਾਅਰੇ (ਦੋ ਪੰਨੇ)

1.
ਰਹੋ ਸਦਾ ਨਸ਼ਿਆਂ ਤੋਂ ਦੂਰ
ਮਿਹਨਤ ਵਿਚ ਹੈ ਅਸਲ ਸਰੂਰ

2.
ਰਹਿੰਦਾ ਜੋ ਨਸ਼ਿਆਂ ਤੋਂ ਦੂਰ
ਉਸਨੂੰ ਮੰਜ਼ਿਲ ਮਿਲੇ ਜ਼ਰੂਰ

3.
ਜਿਹੜਾ ਨਸ਼ਿਆਂ ਲਈ ਪ੍ਰੇਰੇ
ਕਦੀ ਨਾ ਬੈਠੋ ਉਸਦੇ ਨੇੜੇ

4.
ਪੈਂਦੇ ਜੋ ਨਸ਼ਿਆਂ ਦੇ ਰਾਹ
ਚਾਰ ਦਿਨਾਂ ਵਿਚ ਹੋਣ ਤਬਾਹ

5.
ਨਸ਼ਿਆਂ ਦੇ ਰਾਹ ਮੂਲ ਨਾ ਜਾਇਓ
ਭੁੱਲੋ ਵੇ ਤੁਸੀਂ ਅੱਗ ਨਾ ਖਾਇਓ

6.
ਨਸ਼ਿਆਂ ਦੇ ਰਾਹੇ ਨਾ ਜਾਈਂ
ਪੁੱਤਰਾ ਮਾਂ ਪਿਓ ਨੂੰ ਨਾ ਤੜਪਾਈਂ

7.
ਹੋਵੋ ਨਾ ਨਸ਼ਿਆਂ ਦੇ ਆਦੀ
ਨਸ਼ੇ ਦਾ ਦੂਜਾ ਨਾਂ ਬਰਬਾਦੀ

8.
ਨਸ਼ਿਆਂ ਵਾਲੇ ਯਾਰ ਤਿਆਗ
ਅਪਣਾ ਜੀਵਨ ਰੱਖ ਬੇਦਾਗ

9.
ਨਸ਼ਿਆਂ ਦੇ ਵਿਚ ਭੁੱਲ ਜਾਂਦੀ ਏ
ਮਾਂ ਦੀ ਦਿੱਤੀ ਲੋਰੀ
ਵਿਸਰ ਜਾਵੇ ਬਿਰਧ ਪਿਤਾ ਦੀ
ਬਣਨਾ ਤੁਸੀਂ ਡੰਗੋਰੀ।

10.
ਗੁਰੂਆਂ ਦੀ ਧਰਤੀ ਦੇ ਜਾਇਓ
ਨਾ ਬਣਿਓ ਕਦੇ ਨਸ਼ੇੜੀ
ਇਹ ਲਾਹਨਤ ਨਾ ਪਿੱਛਾ ਛੱਡਦੀ
ਜਾਵੇ ਜਦੋਂ ਸਹੇੜੀ।

11.
ਨਸ਼ਿਆਂ ਦੀ ਲਾਹਨਤ ਨੇ ਤੱਕੋ
ਘਰ ਨੇ ਕਈ ਉਜਾੜੇ।
ਇਹ ਅੱਗ ਜਿਹੜੀ ਮਨ ਤਨ ਤਾਈਂ
ਪੋਟਾ ਪੋਟਾ ਕਰਕੇ ਸਾੜੇ।

12.
ਵਿੱਦਿਆ ਹੁੰਦੀ ਅੰਮ੍ਰਿਤ ਵਰਗੀ
ਨਾ ਇਸ ਵਿਚ ਜ਼ਹਿਰ ਰਲਾਈਏ
ਨਸ਼ਿਆਂ ਦੇ ਰਾਹ ਕਦੇ ਨਾ ਤੁਰੀਏ
ਸੁੱਚੇ ਰਾਹ ਅਪਣਾਈਏ

13.
ਬਚਪਨ ਵਿਚ ਹੀ ਨਸ਼ੇ ਲੈਣ ਦੀ
ਕਰੀਏ ਨਾ ਨਾਦਾਨੀ
ਐਵੇਂ ਨਹੀਂ ਅਸਾਂ ਰੋਲ ਗਵਾਉਣੀ
ਆਪਣੀ ਸੁਹਲ ਜਵਾਨੀ।

14.
ਪਾਠ ਪੁਸਤਕਾਂ ਇਸ਼ਟ ਤੁਹਾਡਾ
ਇਨ੍ਹਾਂ 'ਚ ਧਿਆਨ ਲਗਾਉਣਾ
ਨਸ਼ਿਆਂ ਦੀ ਦਲਦਲ ਵਿਚ ਡੁੱਬ ਕੇ
ਨਹੀਂ ਜੀਵਨ ਅਸਾਂ ਗਵਾਉਣਾ।

15.
ਪੈਣ ਨਾ ਦੇਈਏ ਆਪਣੇ ਉੱਤੇ
ਨਸ਼ਿਆਂ ਦਾ ਪਰਛਾਵਾਂ
ਨਸ਼ਿਆਂ ਖਾਧੇ ਜਿਸਮਾਂ ਵਿਚੋਂ
ਮਰ ਮੁੱਕ ਜਾਣ ਇਛਾਵਾਂ